21

(i) Printed Pages : 4 Roll No. ...............................

(ii) Questions : 6 **Sub. Code : 1 0 0 4 6**

**Exam. Code : 5 0 0 1**

**Bachelor of Arts (FYUP) 1st Semester**

**(2124)**

**PUNJABI (Elective)**

**Paper : Punjabi Lokdhara PBIDSC1**

**Time Allowed : Three Hours]** **[Maximum Marks : 90**

**ਨੋਟ :–** (1) ਸਾਰੇ ਪ੍ਰਸ਼ਨਾਂ ਦੇ ਉੱਤਰ ਪ੍ਰਸ਼ਨ-ਪੱਤਰ ਅਨੁਸਾਰ ਕ੍ਰਮਵਾਰ ਹੱਲ ਕੀਤੇ ਜਾਣ।

(2) ਉੱਤਰ ਭਾਵ-ਪੂਰਤ ਅਤੇ ਸਪੱਸ਼ਟ ਹੋਣੇ ਚਾਹੀਦੇ ਹਨ।

(3) ਲਿਖਾਈ ਸਾਫ਼-ਸੁਥਰੀ ਹੋਣੀ ਚਾਹੀਦੀ ਹੈ।

1. ਕਿਸੇ **ਦਸ** (10) ਪ੍ਰਸ਼ਨਾਂ ਦੇ ਲਘੂ ਉੱਤਰ (ਲਗਭਗ 25 ਸ਼ਬਦਾਂ) ਵਿੱਚ ਲਿਖੋ :

(i) ਲੋਕਧਾਰਾ ਦੇ ਪ੍ਰਮੁੱਖ ਤੱਤ ਕਿਹੜੇ-ਕਿਹੜੇ ਹਨ ?

(ii) ਲੋਕਧਾਰਾ ਦੀ ਮੌਖਿਕਤਾ ਤੋਂ ਕੀ ਭਾਵ ਹੈ ?

(iii) ਘੋੜੀਆਂ ਕੌਣ, ਕਦੋਂ ਤੇ ਕਿਸ ਤਰ੍ਹਾਂ ਗਾਈਆਂ ਜਾਂਦੀਆਂ ਹਨ ?

(iv) ਟੱਪੇ ਦੀ ਪਰਿਭਾਸ਼ਾ ਲਿਖੋ।

(v) ਸਿੱਠਣੀ ਦੀ ਪਰਿਭਾਸ਼ਾ ਲਿਖੋ।

(vi) ਦੰਤ-ਕਥਾ ਦੀ ਪਰਿਭਾਸ਼ਾ ਲਿਖੋ।

(vii) 'ਮੇਰੇ ਪਿੰਡ ਦੇ ਇਸ਼ਟ' ਨਿਬੰਧ ਵਿੱਚ ਸਿੱਧ ਬਾਬੇ ਦੀ ਸਮਾਧ ਉੱਤੇ ਪੁੱਤਰ ਦੇ ਵਿਆਹ ਸੰਬੰਧੀ ਮੰਨਤ ਮੰਗਣ ਵਾਲੀ ਬੁੱਢੀ ਨਾਲ ਕੀ ਵਾਪਰਿਆ ?

(viii) 'ਪੰਜਾਬ ਦੇ ਅਖਾਣਾਂ ਦੀ ਵਿਚਾਰਧਾਰਾ' ਨਿਬੰਧ ਦਾ ਲੇਖਕ ਕੌਣ ਹੈ ?

(ix) 'ਲੋਕਗੀਤਾਂ ਦਾ ਇਤਿਹਾਸ' ਨਿਬੰਧ ਅਨੁਸਾਰ ਜੰਗ ਵਿੱਚ ਗਏ ਆਪਣੇ ਪਤੀ ਨੂੰ ਘਰ ਬੁਲਾਉਣ ਲਈ ਪਤਨੀ ਕਿਹੜੇ-ਕਿਹੜੇ ਚਲਿੱਤਰ ਕਰਦੀ ਹੈ ?

(x) 'ਉੱਤਰੀ ਭਾਰਤ ਵਿੱਚ ਰੁੱਤ-ਚੱਕਰ' ਨਿਬੰਧ ਅਨੁਸਾਰ ਭਾਰਤ ਵਿੱਚ ਕਿੰਨੀਆਂ ਰੁੱਤਾਂ ਆਉਂਦੀਆਂ ਹਨ ?

(xi) 'ਗਿੱਧਾ : ਧਰਤੀ ਮਾਤਾ ਦੀ ਪੂਜਾ ਦਾ ਨਾਚ' ਅਨੁਸਾਰ ਤੋੜਾ ਕੀ ਹੁੰਦਾ ਹੈ ? ਤੋੜਾ ਆਉਣ 'ਤੇ ਗਿੱਧਾ ਪਾਉਣ ਵਾਲੀਆਂ ਅਦਾਕਾਰਾਂ ਕੀ ਕਰਦੀਆਂ ਹਨ ?

(xii) 'ਪੰਜਾਬੀ ਸਭਿਆਚਾਰ ਅਤੇ ਲੋਕ-ਚਿਕਿੱਤਸਾ' ਅਨੁਸਾਰ ਕੀ ਵਿਗਿਆਨਿਕ ਚਿਕਿੱਤਸਾ ਦੇ ਪ੍ਰਸਾਰ ਨਾਲ ਲੋਕ-ਚਿਕਿੱਤਸਾ ਖ਼ਤਮ ਹੋ ਜਾਵੇਗੀ ?

$10\times2=20$

2. ਕਿਸੇ **ਇੱਕ** ਪ੍ਰਸ਼ਨ ਦਾ ਉੱਤਰ ਦਿਉ :

(i) ਲੋਕ-ਧਾਰਾ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੇ ਪ੍ਰਮੁੱਖ ਤੱਤਾਂ ਬਾਰੇ ਵਿਸਥਾਰ ਵਿੱਚ ਚਰਚਾ ਕਰੋ।

(ii) ਸੁਹਾਗ ਦੀ ਪਰਿਭਾਸ਼ਾ, ਬਣਤਰ ਤੇ ਵਿਸ਼ਾ-ਵਸਤੂ ਸੰਬੰਧੀ ਵਿਸਥਾਰ ਵਿੱਚ ਚਰਚਾ ਕਰੋ।

$15\times1=15$

3. ਕਿਸੇ **ਦੋ** ਪ੍ਰਸ਼ਨਾਂ ਦਾ ਉੱਤਰ ਦਿਉ :

(i) ਪੰਜਾਬੀ ਲੋਕ-ਧਾਰਾ ਦੇ ਵਿਸ਼ੇਗਤ ਪਸਾਰ ਸੰਬੰਧੀ ਚਰਚਾ ਕਰੋ।

(ii) 'ਪੰਜ-ਆਬ' ਪੁਸਤਕ ਦੇ ਆਧਾਰ ਤੇ ਪੰਜਾਬ ਦੀ ਲੋਕ-ਧਾਰਾ ਦੇ ਤੱਤਾਂ ਸੰਬੰਧੀ ਵਿਚਾਰ ਕਰੋ।

(iii) 'ਮੇਰੇ ਪਿੰਡ ਦੇ ਇਸ਼ਟ' ਨਿਬੰਧ ਦਾ ਲੋਕਧਾਰਾਈ ਅਧਿਐਨ ਪੇਸ਼ ਕਰੋ।

(iv) 'ਪੰਜਾਬੀ ਲੋਕ-ਧਾਰਾ ਦਾ ਵਿਲੱਖਣ ਪ੍ਰਵਾਹ : ਮੇਲੇ ਤੇ ਤਿਉਹਾਰ' ਨਿਬੰਧ ਦਾ ਲੋਕਧਾਰਾਈ ਅਧਿਐਨ ਪੇਸ਼ ਕਰੋ।

$20\times2=40$

4. ਹੇਠ ਲਿਖੀਆਂ ਸ਼ਖ਼ਸੀਅਤਾ ਵਿੱਚੋਂ ਕਿਸੇ **ਇੱਕ** ਬਾਰੇ **250** ਸ਼ਬਦਾਂ ਵਿੱਚ ਪੈਰਾ ਰਚਨਾ ਕਰੋ :

   (i) ਦੁੱਲਾ-ਭੱਟੀ

   (ii) ਸ਼ਹੀਦ ਭਗਤ ਸਿੰਘ। 5

5. ਕਿਸੇ **ਪੰਜ** ਬੁਝਾਰਤਾਂ ਨੂੰ ਬੁੱਝੋ ਤੇ ਉੱਤਰ ਲਿਖੋ :

   (i) ਵਿੰਗ ਤੜਿੰਗੀ ਲੱਕੜੀ, ਪੋਰੀ ਪੋਰੀ ਰਸ।
   ਬੁੱਝਣੀਏਂ ਤਾਂ ਬੁੱਝ, ਨਹੀਂ ਰੁਪਏ ਧਰਦੇ ਦਸ।

   (ii) ਵੀਹ ਸੀਸ ਫੜ੍ਹ ਧੜੋਂ ਉਤਾਰੇ
   ਕੀਤਾ ਖ਼ੂਨ ਨਾ ਜਾਨੋਂ ਮਾਰੇ

   (iii) ਨਿੱਕੀ ਜਿਹੀ ਕੁੜੀ
   ਲੈ ਪਰਾਂਦਾ ਤੁਰੀ।

   (iv) ਤੁਰਦਾ ਹਾਂ ਪਰ ਪੈਰ ਨਹੀਂ,
   ਦੇਵਾਂ ਸਭ ਨੂੰ ਜਾਨ,
   ਦੋ ਲਫ਼ਜ਼ਾਂ ਦੀ ਚੀਜ਼ ਹਾਂ,
   ਬੁੱਝੋ ਮੇਰਾ ਨਾਮ।

   (v) ਚਿੱਟੀ ਕੁੱਕੜੀ, ਖੰਭ ਖਿਲਾਰੇ।
   ਹਾਏ ਬਾਪੂ ਜੀ, ਮੈਨੂੰ ਬੇਬੇ ਮਾਰੇ।

   (vi) ਚਿੱਟੀ ਕੁੱਕੜੀ, ਚਿੱਟੇ ਪੈਰ,
   ਚੱਲ ਮੇਰੀ ਕੁੱਕੜੀ,
   ਸ਼ਹਿਰੋਂ ਸ਼ਹਿਰ।

(vii) ਇਕ ਸੰਦੂਕੜੀ 'ਚ ਬਾਰਾਂ ਰਖਨੇ।

ਰਖਨੇ ਵਿੱਚ ਤੀਹ-ਤੀਹ ਦਾਣੇ।

ਬੁੱਝਣ ਵਾਲੇ ਬੜੇ ਸਿਆਣੇ। 5

6. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ **ਪੰਜ** ਸ਼ਬਦਾਂ ਦੇ ਬਹੁਤੇ ਅਰਥ ਦਰਸਾਉਣ ਲਈ **ਦੋ-ਦੋ** ਵਾਕ ਬਣਾਓ :

ਸੰਗ, ਹਾਰ, ਤਾਰ, ਦਾਰੂ, ਫੁੱਲ, ਵੱਟ, ਲੜ। 5